BS/2111 11467/NH

ਪੰਜਾਬੀ (ਮੁੱਢਲਾ ਗਿਆਨ) – B
SEM-III

ਸਮਾਂ : ਤਿੰਨ ਘੰਟੇ ਕੁੱਲ ਅੰਕ : 75

ਭਾਗ – ੳ

1. ਹੇਠ ਲਿਖੇ ਕਵਿਤਾਵਾਂ ਵਿੱਚੋਂ ਕਿਸੇ ਦੋ ਕਵਿਤਾਵਾਂ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । 2×5 = 10
   1. ਤਾਜ ਮਹੱਲ : ਮੋਹਨ ਸਿੰਘ
   2. ਇਸ਼ਕ ਦੀ ਨਵੀਉ ਨਵੀਂ ਬਹਾਰ : ਬੁੱਲੇ ਸ਼ਾਹ
   3. ਅੱਜ ਆਖਾਂ ਵਾਰਸ਼ ਸ਼ਾਹ ਨੂੰ : ਅੰਮ੍ਰਿਤਾ ਪ੍ਰੀਤਮ
   4. ਗਜ਼ਲ : ਜਗਤਾਰ
   5. ਹੀਰ : ਵਾਰਿਸ ਸ਼ਾਹ

2. ਕਿਸੇ ਇੱਕ ਕਾਵਿ ਟੁਕੜੇ ਦੇ ਭਾਵ ਅਰਥ ਬਿਆਨ ਕਰੋ । 5×1 = 5

(1) ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ,
ਘਰੀਂ ਨਸ ਨਾ ਜਾਇ ਇਹ ਫੌਜ ਸਾਰੀ ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ,
ਅਤੇ ਜਾਨ ਨਾ ਕਰਨਗੇ ਫੇਰ ਪਿਆਰੀ ।

(2) ਕੀ ਪੁੱਛਦਿਉ ਹਾਲ ਫਕੀਰਾਂ ਦਾ,
ਸਾਡੀ ਨਦੀਉ ਵਿਛੜੇ ਨੀਰਾਂ ਦਾ,
ਸਾਡਾ ਹੰਝ ਦੀ ਜੂਨੇ ਆਇਆਂ ਦਾ,
ਸਾਡਾ ਦਿਲ ਜਲਿਆਂ ਦਿਲਗੀਰਾਂ ਦਾ ।

(3) ਜੋ ਬਦੇਸ਼ਾ 'ਚ ਰੁਲਦੇ ਨੇ ਰੋਜ਼ੀ ਲਈ,
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ,
ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ,
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ ।

3. ਹੇਠ ਲਿਖੇ 10 ਸ਼ਬਦਾਂ ਨੂੰ ਸੋਧ ਕੇ ਲਿਖੋ । 2×5 = 10

ਕਾਰਯ,ਈਸ੍ਵਰ, ਮਦਾਣੀ, ਸਾਡੂ, ਸੌਹਰਾ, ਤਰਿੰਜਣ, ਤਾਂਗ, ਸੋਬਾ, ਰੇਡੀਓ,
ਮੇਹਨਤ, ਸੈਹਮਤ, ਔਹਦਾ, ਹਾਕਿਮ, ਪਤਿ, ਫੋਜ

Contd ... 2

4. ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ। 10

ਥਾਣੇਦਾਰ ਨੇ ਹੱਸ ਕੇ ਕਿਹਾ ਹੱਛਾ ਤੇ ਇਹ ਤੇਰੇ ਦੋਸਤ ਨੇ ਤੇ ਉਸ ਨੇ ਕਿਹਾ ਦੋਸਤ ਨਹੀਂ ਸਗੋਂ ਭਰਾ ਕਹੋ ਸਕੇ ਭਰਾ ਅਸੀਂ ਤਾਂ ਇੱਕ ਦੂਜੇ ਉੱਤੇ ਜਾਨੇ ਵਾਰਦੇ ਹਾਂ ਯਾਰੀ ਕੀਹਦਾ ਨਾਂ ਏ

5. ਕਿਸੇ ਇੱਕ ਵਿਸ਼ੇ ਤੇ ਪੈਰਾ ਰਚਨਾ ਕਰੋ :- 10×1 = 10

(ੳ) ਸੜਕਾਂ ਉੱਤੇ ਵੱਧ ਰਹੀ ਅਸੁਰੱਖਿਆ

(ਅ) ਭ੍ਰਿਸ਼ਟਾਚਾਰ

(ੲ) ਮੇਲਿਆਂ ਦਾ ਬਦਲਦਾ ਸਰੂਪ

6. **ਹੇਨ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :-** **15×2 = 30**

(1) ਆਸਾ ਮਹਲਾ ੧ ਤੋਂ ਕੀ ਭਾਵ ਹੈ ?

(2) ਪੂਰਨ ਸਿੰਘ ਨੇ ਕਿਸ ਛੰਦ ਵਿੱਚ ਕਵਿਤਾ ਲਿਖੀ ?

(3) ਵਾਰਿਸ਼ ਸ਼ਾਹ ਦੀ ਰਚਨਾ 'ਹੀਰ' ਕਿਹੜੇ ਛੰਦ ਵਿੱਚ ਹੈ ?

(4) ਤੁਹਾਡੀ ਪਾਠ ਪੁਸਤਕ ਵਿੱਚ ਗੁਰੂ ਨਾਨਕ ਦੇਵ ਜੀ ਦੀ ਕਿਹੜੀ ਕਵਿਤਾ ਸ਼ਾਮਿਲ ਹੈ ?

(5) 'ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ' ਵਿੱਚ ਸਰਕਾਰ ਕਿਸਨੂੰ ਕਿਹਾ ਗਿਆ ਹੈ ?

(6) ' ਵੈਰੀ ਨਾਗ ਦਾ ਪਹਿਲਾ ਝਲਕਾ ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(7) ਭਾਈ ਵੀਰ ਸਿੰਘ ਦੀਆਂ ਕੋਈ ਦੋ ਕਾਵਿ ਪੁਸਤਕਾਂ ਦੇ ਨਾਂ ਲਿਖੋ।

(8) ਜਗਤਾਰ ਨੂੰ ਕਿਸ ਪੁਸਤਕ ਉੱਤੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ?

(9) ਸਮਾਦਾਨ ਕਿਸਨੂੰ ਆਖਦੇ ਹਨ ?

(10) ਕੈਦੋ ਕੌਣ ਸੀ ?

(11) ਅਸੀਂ ਲੜਾਂਗੇ ਸਾਥੀ ਕਵਿਤਾ ਕਿਸ ਦੀ ਰਚਨਾ ਹੈ ?

(12) 'ਗੁੰਬਦ ਦਾ ਆਡਾ ' ਟੁੱਟਣ ਤੇ ਕਵੀ ਨੂੰ ਕੀ ਦਿਖਾਈ ਦਿੰਦਾ ਹੈ ?

(13) ਬੁੱਲੇ ਸ਼ਾਹ ਕਿਸ ਕਾਵਿ ਧਾਰਾ ਦਾ ਕਵੀ ਹੈ ?

(14) 'ਕਾਅਬਾ' ਦਾ ਕੀ ਅਰਥ ਹੈ ?

(15) ਮੇਲੇ ਵਿੱਚ ਜੱਟ ਕਵਿਤਾ ਵਿੱਚ ਕਵੀ ਕਿਹੜੀਆਂ ਖਾਣ ਪੀਣ ਦੀਆਂ ਵਸਤਾਂ ਦਾ ਜ਼ਿਕਰ ਕਰਦਾ ਹੈ?